# ਪਰਿਵਾਰਕ ਸਹਾਇਤਾ।



Helia ਦੀ ਪਰਿਵਾਰਕ ਸਹਾਇਤਾ ਨਾਲ ਜਲਦੀ ਜਾਇਦਾਦ ਦੇ ਬਜ਼ਾਰ ਵਿੱਚ ਦਾਖ਼ਲ ਹੋਵੋ।

AUSTRALIAN BROKER MAGAZINE
2022
5-STAR
MORTGAGE
INNOVATOR
AustralianBroker

Helia

# ਪਰਿਵਾਰਕ ਸਹਾਇਤਾ ਕੀ ਹੈ?

ਲੈਂਡਰਜ਼ ਮੌਰਗੇਜ ਇੰਸ਼ੋਰੈਂਸ (LMI) ਇੱਕ ਬੀਮਾ ਪਾਲਿਸੀ ਹੁੰਦੀ ਹੈ, ਜੋ ਤੁਹਾਡਾ ਕਰਜ਼ਦਾਤਾ ਆਪਣੇ ਆਪ ਨੂੰ ਉਸ ਜ਼ੋਖਮ ਤੋਂ ਬਚਾਉਣ ਲਈ ਲੈਂਦਾ ਹੈ, ਜੇਕਰ ਘਰ ਖ਼ਰੀਦਦਾਰ ਜਾਂ ਨਿਵੇਸ਼ਕ ਆਪਣਾ ਕਰਜ਼ਾ ਮੋੜਨ ਵਿੱਚ ਅਸਫ਼ਲ ਹੋ ਜਾਂਦਾ ਹੈ, ਅਤੇ ਕਰਜ਼ਦਾਤਾ ਬਕਾਇਆ ਕਰਜ਼ੇ ਦੀ ਪੂਰੀ ਰਕਮ ਨੂੰ ਵਾਪਸ ਹਾਸਲ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ।

ਪਰਿਵਾਰਕ ਸਹਾਇਤਾ ਇੱਕ ਯੋਗ ਘਰ ਖ਼ਰੀਦਦਾਰ ਜਾਂ ਨਿਵੇਸ਼ਕ ਨੂੰ ਉਨ੍ਹਾਂ ਦੀ LMI ਫੀਸ ਵਿੱਚ 15% ਦੀ ਛੋਟ ਦਿੰਦੀ ਹੈ, ਜਦੋਂ ਪਰਿਵਾਰ ਦਾ ਕੋਈ ਜੀਅ ਸੈਟਲਮੈਂਟ ਵੇਲੇ ਪਹਿਲਾਂ ਹੀ ਇਸ ਦਾ ਭੁਗਤਾਨ ਕਰਦਾ ਹੈ।

*ਇਹ ਵਿਕਲਪ ਕਈ ਕਰਜ਼ਦਾਤਿਆਂ ਦੁਆਰਾ ਉਪਲਬਧ ਹੈ। ਪੁਸ਼ਟੀ ਕਰਨ ਲਈ ਕਿਸੇ ਕਰਜ਼ਦਾਤਾ ਜਾਂ ਮੌਰਗੇਜ ਬ੍ਰੋਕਰ ਨਾਲ ਗੱਲ ਕਰੋ।

## ਪਰਿਵਾਰਕ ਸਹਾਇਤਾ ਕਿਵੇਂ ਮਦਦ ਕਰਦੀ ਹੈ?

ਪਰਿਵਾਰਕ ਸਹਾਇਤਾ, ਪਰਿਵਾਰ ਦੇ ਜੀਆਂ ਨੂੰ ਜਾਇਦਾਦ ਦੇ ਬਾਜ਼ਾਰ ਵਿੱਚ ਦਾਖ਼ਲ ਹੋਣ ਵਿੱਚ ਮਦਦ ਕਰਨ ਲਈ ਇੱਕ ਕਿਫ਼ਾਇਤੀ ਤਰੀਕਾ ਪੇਸ਼ ਕਰਦੀ ਹੈ।

ਇਹ ਘਰ ਖ਼ਰੀਦਦਾਰਾਂ ਅਤੇ ਨਿਵੇਸ਼ਕਾਂ ਦੀ ਇਨ੍ਹਾਂ ਚੀਜ਼ਾਂ ਵਿੱਚ ਮਦਦ ਕਰਦੀ ਹੈ:

1. 20% ਤੋਂ ਘੱਟ ਡਿਪੌਜ਼ਿਟ ਨਾਲ ਹੁਣੇ ਘਰ ਖ਼ਰੀਦਣ ਲਈ
2. ਘਟੀ ਹੋਈ LMI ਫੀਸ, ਜਦੋਂ ਕਿਸੇ ਪਰਿਵਾਰ ਦੇ ਜੀਅ ਦੁਆਰਾ ਫੀਸ ਦਾ ਪਹਿਲਾਂ ਭੁਗਤਾਨ ਕੀਤਾ ਜਾਂਦਾ ਹੈ
3. ਪਰਿਵਾਰ ਦੇ ਕਿਸੇ ਜੀਅ ਵੱਲੋਂ ਗਾਰੰਟੀ ਦਿੱਤੇ ਬਗੈਰ ਉਸ ਕੋਲੋਂ ਮਦਦ ਪ੍ਰਾਪਤ ਕਰਨੀ

## ਕੇਸ ਸਟੱਡੀ: ਪਰਿਵਾਰਕ ਸਹਾਇਤਾ ਵਰਤਣੀ।

ਇੱਕ ਜੋੜਾ $650,000 ਦੀ ਕੀਮਤ ਦੀ ਨਿਵੇਸ਼ ਵਾਲੀ ਜਾਇਦਾਦ ਖਰੀਦਣਾ ਚਾਹੁੰਦਾ ਸੀ, ਅਤੇ ਉਨ੍ਹਾਂ ਕੋਲ $85,000 ਦੀ ਬੱਚਤ ਸੀ (13% ਜਮ੍ਹਾਂ ਰਾਸ਼ੀ)।

ਆਮ ਤੌਰ 'ਤੇ, ਕਰਜ਼ਦਾਤੇ ਨੂੰ 20% ਜਮ੍ਹਾਂ ਰਾਸ਼ੀ ($130,000) ਅਤੇ ਵਾਧੂ ਅਗਾਊਂ ਖ਼ਰਚਿਆਂ ਦੀ ਜ਼ਰੂਰਤ ਹੋਏਗੀ।

ਆਪਣੇ ਮੌਰਗੇਜ ਬ੍ਰੋਕਰ ਦੀ ਸਲਾਹ ਅਤੇ ਆਪਣੇ ਮਾਪਿਆਂ ਦੀ ਵਿੱਤੀ ਸਹਾਇਤਾ ਦੇ ਨਾਲ, ਇਹ ਜੋੜਾ ਪਰਿਵਾਰਕ ਸਹਾਇਤਾ ਦੀ ਪੇਸ਼ਕਸ਼ ਦੇ ਨਾਲ, LMI ਦੀ ਵਰਤੋਂ ਕਰਕੇ 13% ਜਮ੍ਹਾਂ ਰਾਸ਼ੀ ਦੇ ਨਾਲ ਅੱਗੇ ਵਧਿਆ। ਘਟੀ ਹੋਈ LMI ਫੀਸ ਉਨ੍ਹਾਂ ਦੇ ਮਾਪਿਆਂ ਦੁਆਰਾ ਕਰਜ਼ੇ ਦੀ ਸੈਟਲਮੈਂਟ ਦੇ ਸਮੇਂ ਅਗਾਊਂ ਅਦਾ ਕੀਤੀ ਗਈ ਸੀ।

ਗਾਰੰਟਰ ਬਣਨ ਦੀ ਬਜਾਏ, ਮਾਪਿਆਂ ਨੇ LMI ਫੀਸ ਦਾ ਭੁਗਤਾਨ ਕੀਤਾ ਅਤੇ ਜੋੜਾ 20% ਤੋਂ ਘੱਟ ਜਮ੍ਹਾਂ ਰਕਮ ਨਾਲ ਘਰ ਜਲਦੀ ਖਰੀਦਣ ਦੇ ਯੋਗ ਹੋ ਗਿਆ।

**helia.com.au** 'ਤੇ ਜਾ ਕੇ Helia ਦੀ ਪਰਿਵਾਰਕ ਜਮ੍ਹਾਂ ਰਾਸ਼ੀ ਦੇ ਅਨੁਮਾਨਕ ਨਾਲ ਜਮ੍ਹਾਂ ਰਾਸ਼ੀ ਦੇ ਵਿਕਲਪਾਂ ਦੀ ਪੜਚੋਲ ਕਰੋ।

ਇਹ ਉਦਾਹਰਨ ਸਿਰਫ਼ ਸਮਝਾਉਣ ਲਈ ਹੈ। **LMI** ਕਰਜ਼ਦਾਤਾ ਦੀ ਰੱਖਿਆ ਕਰਦੀ ਹੈ। ਨਤੀਜੇ ਵੱਖ-ਵੱਖ ਹੋ ਸਕਦੇ ਹਨ ਅਤੇ ਜਾਇਦਾਦ ਦੇ ਮੁੱਲ ਡਿੱਗ ਵੀ ਸਕਦੇ ਹਨ। ਪੂੰਜੀਗਤ ਵਾਧੇ ਹੋਣ ਦੀ ਕੋਈ ਗਾਰੰਟੀ ਨਹੀਂ ਹੈ।

Helia

© Helia Insurance Pty Limited ABN 60 106 974 305. ਸਾਰੇ ਹੱਕ ਰਾਖਵੇਂ ਹਨ।

# ਪਰਿਵਾਰਕ ਸਹਾਇਤਾ ਕਿਵੇਂ ਕੰਮ ਕਰਦੀ ਹੈ।

ਪਰਿਵਾਰਕ ਸਹਾਇਤਾ, ਪਰਿਵਾਰ ਦੇ ਜੀਆਂ ਨੂੰ ਗਾਰੰਟੀ ਦੇਣ ਵਾਲੇ ਬਣਨ ਦੇ ਖ਼ਤਰੇ ਤੋਂ ਬਿਨਾਂ ਸਹਾਇਤਾ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ। LMI ਫੀਸ ਵਿੱਚ 15% ਦੀ ਕਮੀ ਆ ਜਾਂਦੀ ਹੈ, ਜਦੋਂ ਪਰਿਵਾਰ ਦਾ ਕੋਈ ਜੀਅ ਸੈਟਲਮੈਂਟ ਵੇਲੇ ਪਹਿਲਾਂ ਹੀ ਫੀਸ ਦਾ ਭੁਗਤਾਨ ਕਰਦਾ ਹੈ। LMI ਫੀਸ ਪਰਿਵਾਰ ਦੇ ਕਿਸੇ ਵੀ ਜੀਅ ਦੁਆਰਾ ਅਦਾ ਕੀਤੀ ਜਾ ਸਕਦੀ ਹੈ, ਇਹ ਘਰ ਖ਼ਰੀਦਦਾਰਾਂ ਦੇ ਮਾਪਿਆਂ ਤੱਕ ਸੀਮਤ ਨਹੀਂ ਹੈ।

ਪਰਿਵਾਰਕ ਸਹਾਇਤਾ ਸਾਰੇ ਮਾਲਕ ਵਜੋਂ ਰਹਿਣ ਵਾਲੇ ਅਤੇ ਨਿਵੇਸ਼ ਕਰਨ ਵਾਲੇ ਕਰਜ਼ਿਆਂ ਲਈ ਉਪਲਬਧ ਹੈ।

## ਉਪਲਬਧ ਵਿਕਲਪਾਂ ਦਾ ਅਨੁਮਾਨ ਲਗਾਉਣ, ਤੁਲਨਾ ਕਰਨ ਅਤੇ ਵਿਚਾਰਨ ਵਿੱਚ ਮਦਦ ਲਈ

**Helia ਦੇ ਵਿਦਿਅਕ ਔਜ਼ਾਰਾਂ ਦੀ ਪੜਚੋਲ ਕਰੋ।**

### LMI ਫੀਸ ਅਨੁਮਾਨਕ

LMI ਦੀ ਫ਼ੀਸ ਦਾ ਹਿਸਾਬ Helia ਦੀ ਪਰਿਵਾਰਕ ਜਮ੍ਹਾਂ ਰਾਸ਼ੀ ਦੇ ਅਨੁਮਾਨਕ ਨਾਲ **at helia.com.au** 'ਤੇ ਲਗਾਓ।

### ਘਰ ਲਈ ਜਮ੍ਹਾਂ ਰਾਸ਼ੀ ਦਾ ਅਨੁਮਾਨਕ

**helia.com.au** 'ਤੇ Helia ਦੇ Home Deposit Estimator (ਹੋਮ ਡਿਪੌਜ਼ਿਟ ਅਨੁਮਾਨਕ) ਨਾਲ ਜਮ੍ਹਾਂ ਰਾਸ਼ੀ ਦੇ ਵਿਕਲਪਾਂ ਦੀ ਪੜਚੋਲ ਕਰੋ।

# ਅਕਸਰ ਪੁੱਛੇ ਜਾਣ ਵਾਲੇ ਸਵਾਲ (FAQs)

## ਘਰ ਖ਼ਰੀਦਦਾਰ ਜਾਂ ਨਿਵੇਸ਼ਕ।

### ਕੀ ਪਰਿਵਾਰਕ ਸਹਾਇਤਾ ਦੀ ਵਰਤੋਂ ਇੱਕ ਤੋਂ ਵਧੇਰੇ ਪਰਿਵਾਰ ਦੇ ਜੀਆਂ ਦੀ ਮਦਦ ਕੀਤੀ ਜਾ ਸਕਦੀ ਹੈ?

ਹਾਂ, ਪਰਿਵਾਰਕ ਸਹਾਇਤਾ ਦੀ ਪੇਸ਼ਕਸ਼ ਦੀ ਵਰਤੋਂ ਵੱਧ ਤੋਂ ਵੱਧ ਵਾਰ ਕਰਨ ਦੀ ਕੋਈ ਸੀਮਾ ਨਹੀਂ ਹੈ।

### ਕੀ ਛੋਟ ਵਾਲੀ LMI ਫੀਸ ਵਾਧੂ ਪੈਸੇ ਜਮ੍ਹਾਂ ਕਰਵਾਉਣ ਅਤੇ ਕਰਜ਼ੇ ਨੂੰ ਨਵਿਆਉਣ 'ਤੇ ਲਾਗੂ ਹੁੰਦੀ ਹੈ?

ਹਾਂ, ਪਰਿਵਾਰਕ ਸਹਾਇਤਾ ਛੋਟ ਵਾਧੂ ਪੈਸੇ ਜਮ੍ਹਾਂ ਕਰਵਾਉਣ ਅਤੇ ਕਰਜ਼ੇ ਨੂੰ ਨਵਿਆਉਣ ਲਈ ਉਪਲਬਧ ਹੈ, ਜਦੋਂ ਤੱਕ LMI ਫੀਸ ਕਰਜ਼ੇ ਦੀ ਰਕਮ (ਪੂੰਜੀਗਤ) ਵਿੱਚ ਸ਼ਾਮਲ ਨਹੀਂ ਕੀਤੀ ਜਾਂਦੀ ਅਤੇ ਪਰਿਵਾਰ ਦਾ ਜੀਅ ਇਸ LMI ਫੀਸ ਦਾ ਭੁਗਤਾਨ ਕਰਦਾ ਹੈ।

## ਕਰਜ਼ਦਾਤਾ ਜਾਂ ਮੌਰਗੇਜ ਬ੍ਰੋਕਰ।

### ਕੀ ਕਰਜ਼ਦਾਤਾ ਨੂੰ ਇਹ ਦਿਖਾਉਣ ਦੀ ਲੋੜ ਹੈ ਕਿ ਪਰਿਵਾਰ ਦੇ ਕਿਸੇ ਜੀਅ ਨੇ ਭੁਗਤਾਨ ਕੀਤਾ ਹੈ?

ਨਹੀਂ, Helia ਨੂੰ ਸਬੂਤ ਦੀ ਲੋੜ ਨਹੀਂ ਹੈ। ਹਾਲਾਂਕਿ, ਕਰਜ਼ਦਾਤੇ ਲਈ ਘਰ ਖ਼ਰੀਦਦਾਰ ਜਾਂ ਨਿਵੇਸ਼ਕ ਨਾਲ ਪੁਸ਼ਟੀ ਕਰਨੀ ਲਾਜ਼ਮੀ ਹੈ ਕਿ ਪਰਿਵਾਰ ਦਾ ਜੀਅ LMI ਫੀਸ ਦਾ ਭੁਗਤਾਨ ਕਰੇਗਾ।

### ਮੈਂ Helia ਨੂੰ ਕਿਵੇਂ ਸੂਚਿਤ ਕਰਾਂਗਾ ਕਿ ਅਰਜ਼ੀ ਪਰਿਵਾਰਕ ਸਹਾਇਤਾ ਵਾਸਤੇ ਹੈ?

ਜੇ ਤੁਸੀਂ ਅਰਜ਼ੀ eLMI ਪੋਰਟਲ ਜਾਂ ਈਮੇਲ ਦੁਆਰਾ ਸਿੱਧੇ ਤੌਰ 'ਤੇ Helia ਨੂੰ ਜਮ੍ਹਾਂ ਕਰ ਰਹੇ ਹੋ, ਤਾਂ LMI ਪ੍ਰਸਤਾਵ ਫਾਰਮ ਵਿੱਚ ਇਹ ਪੁੱਛਣ ਲਈ ਇੱਕ ਸਵਾਲ ਸ਼ਾਮਲ ਹੁੰਦਾ ਹੈ ਕਿ ਕੀ LMI ਫੀਸ ਪੂੰਜੀਗਤ ਹੈ। ਇੱਕ ਵਾਰ ਜਦੋਂ ਪੁਸ਼ਟੀ ਕਰ ਲਈ ਜਾਂਦੀ ਹੈ ਕਿ LMI ਫੀਸ ਪਰਿਵਾਰ ਦੇ ਕਿਸੇ ਜੀਅ ਦੁਆਰਾ ਅਦਾ ਕੀਤੀ ਗਈ ਹੈ, ਤਾਂ 'ਨਹੀਂ' ਉਪਰ ਨਿਸ਼ਾਨ ਲਗਾਓ, ਅਤੇ 15% ਪਰਿਵਾਰਕ ਸਹਾਇਤਾ ਛੋਟ ਲਾਗੂ ਕੀਤੀ ਜਾਵੇਗੀ।

Helia ਦੇ ਨਾਲ ਏਕੀਕਰਣ ਲਈ, ਇਹ ਦਰਸਾਉਣ ਲਈ ਇੱਕ ਕਾਰਜਕੁਸ਼ਲਤਾ ਮੌਜੂਦ ਹੈ ਕਿ ਕੀ LMI ਫੀਸ ਪੂੰਜੀਗਤ ਹੈ ਜਾਂ ਨਹੀਂ।

ਬੇਦਾਅਵਾ:
ਲੈਂਡਰਜ਼ ਮੌਰਗੇਜ ਇੰਸ਼ੋਰੈਂਸ (LMI) ਉਹ ਬੀਮਾ ਹੈ ਜੋ ਕਰਜ਼ਾ ਦੇਣ ਵਾਲੇ ਪ੍ਰਦਾਤਿਆਂ ਦੀ ਰੱਖਿਆ ਕਰਦਾ ਹੈ, ਨਾ ਕਿ ਘਰ ਖਰੀਦਣ ਵਾਲਿਆਂ ਜਾਂ ਨਿਵੇਸ਼ਕਾਂ ਦੀ, ਅਤੇ ਇਹ ਸਿੱਧੇ ਤੌਰ 'ਤੇ ਘਰ ਖਰੀਦਣ ਵਾਲਿਆਂ ਜਾਂ ਨਿਵੇਸ਼ਕਾਂ ਨੂੰ ਪ੍ਰਦਾਨ ਨਹੀਂ ਕੀਤਾ ਜਾ ਸਕਦਾ। ਯੋਗਤਾ ਮਾਪਦੰਡ, ਨਿਯਮ ਅਤੇ ਸ਼ਰਤਾਂ ਲਾਗੂ ਹੁੰਦੀਆਂ ਹਨ।

ਇਸ ਤੱਥ ਸ਼ੀਟ ਵਿੱਚ ਦਿੱਤੀ ਜਾਣਕਾਰੀ ਆਮ ਜਾਣਕਾਰੀ ਹੈ। ਇਸ ਦੇ ਅੰਦਰ ਕਾਨੂੰਨ, ਟੈਕਸ, ਜਮ੍ਹਾਂ ਰਾਸ਼ੀ ਜਾਂ ਵਿੱਤ ਬਾਰੇ ਸਲਾਹ ਸ਼ਾਮਲ ਨਹੀਂ ਹੁੰਦੀ ਹੈ, ਅਤੇ ਕਿਸੇ ਵਿਅਕਤੀ ਦੇ ਹਾਲਾਤਾਂ ਦੇ ਹਿਸਾਬ ਨਾਲ ਨਹੀਂ ਬਣਾਈ ਗਈ ਹੈ। ਘਰ ਖਰੀਦਣ ਵਾਲਿਆਂ ਅਤੇ ਨਿਵੇਸ਼ਕਾਂ ਨੂੰ ਆਪਣੇ ਨਿੱਜੀ ਹਾਲਾਤਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਅਤੇ ਕੋਈ ਵੀ ਅਜਿਹੇ ਫ਼ੈਸਲੇ ਲੈਣ ਤੋਂ ਪਹਿਲਾਂ ਆਪਣੇ ਪੇਸ਼ੇਵਰ ਸਲਾਹਕਾਰਾਂ ਤੋਂ ਸਲਾਹ ਲੈਣੀ ਚਾਹੀਦੀ ਹੈ, ਜੋ ਉਨ੍ਹਾਂ ਦੇ ਵਿੱਤੀ ਹਾਲਾਤਾਂ ਨੂੰ ਪ੍ਰਭਾਵਿਤ ਕਰ ਸਕਦੇ ਹੋਣ।

Helia Insurance Pty Limited (‘Helia’) ਇੱਕ ਕਰਜ਼ਦਾਤਾ ਵਜੋਂ ਕ੍ਰੈਡਿਟ ਗਤੀਵਿਧੀਆਂ ਪ੍ਰਦਾਨ ਨਹੀਂ ਕਰਦਾ ਹੈ ਜਾਂ ਉਨ੍ਹਾਂ ਵਿੱਚ ਸ਼ਾਮਲ ਨਹੀਂ ਹੁੰਦਾ ਹੈ, ਸਿਵਾਏ ਉਨ੍ਹਾਂ ਸੀਮਿਤ ਕ੍ਰੈਡਿਟ ਗਤੀਵਿਧੀਆਂ ਦੇ, ਜੋ ਇਹ LMI ਉਤਪਾਦ ਪ੍ਰਦਾਨ ਕਰਨ ਦੇ ਸੰਬੰਧ ਵਿੱਚ ਅਸਾਈਨੀ (ਹੱਕ ਪ੍ਰਾਪਤ ਕਰਨ ਵਾਲੇ ਪੱਖ) ਵਜੋਂ ਜਾਂ ਸਬਰੋਗੇਸ਼ਨ (ਅਧਿਕਾਰਾਂ ਦੀ ਬਦਲੀ ਦੇ) ਸਿਧਾਂਤ ਦੇ ਅਧੀਨ ਕਰਜ਼ਦਾਤਾ ਵਜੋਂ ਕਰਦਾ ਹੈ। ਇਸ ਤੱਥ ਸ਼ੀਟ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਕਿਸੇ ਖ਼ਾਸ ਕ੍ਰੈਡਿਟ ਪ੍ਰਦਾਤਾ (ਕਰਜ਼ਦਾਤਾ) ਨਾਲ ਕ੍ਰੈਡਿਟ ਇਕਰਾਰਨਾਮੇ ਦਾ ਹਵਾਲਾ ਨਹੀਂ ਦਿੰਦੀ ਹੈ।